# ਅੱਜ ਗਲੀ ਚੋ ਕੰਜਕਾਂ ਲੰਘੀਆਂ ਨੇ

ਅੱਜ ਗਲੀ ਚੋਂ ਕੰਜਕਾਂ ਲੰਘੀਆਂ ਨੇ, ਪਰ ਤੂੰ ਨਾ ਆਈ,
ਸਭ ਲੱਗਦੀਆਂ ਬੜੀਆਂ ਚੰਗੀਆਂ ਨੇ, ਪਰ ਤੂੰ ਨਾ ਆਈ।

ਤੂੰ ਦਾਤੀ ਸਭ ਕੁਝ ਜਾਣਦੀ ਏਂ, ਤੇਰਾ ਲਾਲ ਬੜਾ ਮਜਬੂਰ ਏ ਮਾਂ।
ਕਿੰਝ ਆਵਾਂ ਚੱਲਕੇ ਦਰ ਤੇਰੇ, ਤੇਰਾ ਮੰਦਰ ਬੜਾ ਹੀ ਦੂਰ ਹੈ ਮਾਂ।
ਮੈਂ ਰੋ ਰੋ ਪੀੜਾਂ ਪਾਈਆਂ ਨੇ, ਪਰ ਤੂੰ ਨਾ ਆਈ,
ਸਭ ਲੱਗਦੀਆਂ ਬੜੀਆਂ ਚੰਗੀਆਂ ਨੇ, ਪਰ ਤੂੰ ਨਾ ਆਈ

ਸੋਂਨੇ ਦਾ ਸੋਹਨਾ ਮਹਿਲ ਤੇਰਾ, ਮੇਰੀ ਕੁਟੀਆ ਕਾਨੇਂਆ ਵਾਲੀ ਏ।
ਮੇਰੇ ਘਰ ਵਿੱਚ ਘੋਰ ਹਨੇਰਾ ਏ, ਤੇਰੇ ਮੰਦਰਾਂ ਤੇ ਰੋਜ ਦੀਵਾਲੀ ਏ।
ਤੇਰੀ ਯਾਦ ਚ ਰਾਤਾਂ ਲੰਘਾਈਆਂ ਨੇ, ਪਰ ਤੂੰ ਨਾ ਆਈ,
ਸਭ ਲੱਗਦੀਆਂ ਬੜੀਆਂ ਚੰਗੀਆਂ ਨੇ, ਪਰ ਤੂੰ ਨਾ ਆਈ

ਮੈਂ ਸੁਨਿਆ ਤੇਰੀ ਚੌਂਖਟ ਤੇ, ਦੁਖੀਆਂ ਦੀ ਅਦਾਲਤ ਲੱਗਦੀ ਏ।
ਜੋ ਚੱਲਕੇ ਦਰ ਤੇਰੇ ਆ ਜਾਵੇ, ਤੂੰ ਉਸਦੇ ਦੁਖੜੇ ਕੱਟਦੀਂ ਏ
ਅੱਜ ਮੈਂ ਵੀ ਅਰਜਾਂ ਲਾਈਆਂ ਨੇ, ਪਰ ਤੂੰ ਨਾ ਆਈ,
ਸਭ ਲੱਗਦੀਆਂ ਬੜੀਆਂ ਚੰਗੀਆਂ ਨੇ, ਪਰ ਤੂੰ ਨਾ ਆਈ

ਲੈ ਹਲਵਾ ਪੂਰੀ ਬੈਠ ਗਿਆ, ਤੇਰੇ ਨਾਮ ਦੀ ਜੋਤ ਜਗਾਕੇ ਮਾਂ।
ਅੱਜ ਰੱਖ ਲੈ ਮਾਨ ਤੂੰ ਮੇਰਾ ਵੀ, ਮੇਰੇ ਘਰ ਵਿੱਚ ਫੇਰਾ ਪਾਕੇ ਮਾਂ।
"ਸ਼ਰਮੇਂ" ਦੀਆਂ ਤੇਰੇ ਦੁਹਾਈਆਂ ਨੇ, ਪਰ ਤੂੰ ਨਾ ਆਈ,
ਸਭ ਲੱਗਦੀਆਂ ਬੜੀਆਂ ਚੰਗੀਆਂ ਨੇ, ਪਰ ਤੂੰ ਨਾ ਆਈ

ਗਾਇਕ: ਰਾਕੇਸ਼ ਰਾਧੈ ਬਰਨਾਲਾ
ਪੇਸ਼ਕਸ਼: ਆਦਰਸ਼ ਗਰਗ
ਰਾਮਪੁਰਾ ਫੂਲ (ਬਠਿੰਡਾ)

https://www.bhajanganga.com/bhajan/lyrics/id/1094/title/ajj-gali-cho-kanjakan-langhiaan-ne

अपने Android मोबाइल पर BhajanGanga App डाउनलोड करें और भजनों का आनंद ले |